ਪੰਜਾਬ ਰਾਜ ਸੂਚਨਾ ਕਮਿਸ਼ਨ
ਪੰਜਾਬ ਰੈਡ ਕਰਾਸ ਭਵਨ ਨਜਦੀਕ ਰੋਜ ਗਾਰਡਨ,ਸੈਕਟਰ 16 ਚੰਡੀਗੜ੍ਹ
E-mail :- psic23@punjabmail.gov.in, Phone No. 0172-2864113
(www.infocommpunjab.com) Fax : 0172-2864125,2864110

ਸ਼੍ਰੀ ਗਗਨਦੀਪ ਸਿੰਘ ਜੰਜੂਆ(9780643243)
ਪਿੰਡ: ਤੁਰਾ ਡਾਕ: ਕੁੰਭ ਤਹਿ: ਅਮਲੋਹ,
ਜਿਲ੍ਹਾ: ਫਤਿਹਗੜ੍ਹ ਸਾਹਿਬ। -----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਤਹਿਸੀਲਦਾਰ, ਬੰਗਾ,
ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਉਪ ਮੰਡਲ ਮੈਜਿਸਟਰੇਟ, ਬੰਗਾ,
ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ। -------ਉੱਤਰਦਾਤਾ

**ਅਪੀਲ ਕੇਸ ਨੰ:1128 ਆਫ 2018**

ਹਾਜ਼ਰ:-

1) ਅਪੀਲਕਰਤਾਵੱਲੋਂ ਕੋਈ ਨਹੀਂ
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਗੁਰਦੇਵ ਦਾਸ, ਪਟਵਾਰੀ, (80549-346283)।

ਹੁਕਮ:-

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ ਮਿਤੀ 09-10-2017 ਨੂੰ ਲੋਕ ਸੂਚਨਾ ਅਧਿਕਾਰੀ, ਦਫਤਰ ਤਹਿਸੀਲੀਦਾਰ ਬੰਗਾ ਨੂੰ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਅਪੀਲਕਰਤਾ ਨੇ 6 ਪੁਆਇੰਟਾਂ ਦੀ ਜਾਣਕਾਰੀ ਦੀ ਮੰਗ ਕੀਤੀ ਸੀ।ਫਿਰ ਮਿਤੀ 9-12-2017 ਨੂੰ ਅਪੀਲਕਰਤਾ ਨੇ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ। ਉਸ ਉਪਰੰਤ ਮਿਤੀ 27-03-2018 ਨੂੰ ਅਪੀਲਕਰਤਾ ਨੇ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ। ਕਮਿਸ਼ਨ ਵੱਲੋਂ ਮਿਤੀ 17-04-2018 ਨੂੰ ਪਹਿਲੀ ਸੁਣਵਾਈ, ਮਿਤੀ 01-05-2018 ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਭੇਜੀ ਗਈ ਹੈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਗੁਰਦੇਵ ਦਾਸ, ਸਹਾਇਕ ਕਾਨੂੰਗੋ ਨੇ ਪੱਤਰ ਨੰ:1385/ਟੀ.ਏ., ਮਿਤੀ 26-11-2018 ਪੇਸ਼ ਕੀਤਾ ਹੈ ਜੋ ਕਿ ਮਿਸਲ ਤੇ ਰੱਖ ਲਿਆ ਗਿਆ ਹੈ।ਇਸ ਪੱਤਰ ਰਾਹੀਂ ਉਨ੍ਹਾਂ ਵੱਲੋਂ ਕਮਿਸ਼ਨ ਨੂੰ ਸੂਚਿਤ ਕੀਤਾ ਗਿਆ ਹੈ ਕਿ ਪ੍ਰਾਰਥੀ ਵੱਲੋਂ ਸਾਲ 2008-09 ਦੇ ਰਿਕਾਰਡ ਦੀ ਮੰਗ ਕੀਤੀ ਜਾ ਰਹੀ ਹੈ। ਜਿਸ ਸਮੇਂ ਦੇ ਰਿਕਾਰਡ ਦੀ ਮੰਗ ਕੀਤੀ ਜਾ ਰਹੀ ਹੈ,ਉਸ ਸਮੇਂ ਤਹਿਸੀਲ ਨਵਾਂਸ਼ਹਿਰ ਅਤੇ ਜ਼ਿਲ੍ਹਾ ਜਲੰਧਰ ਸੀ। ਤਹਿਸੀਲ ਬੰਗਾ ਸਾਲ 2013 ਵਿੱਚ ਹੋਂਦ ਵਿੱਚ ਆਇਆ ਹੈ। ਇੰਤਕਾਲ ਨੰਬਰ 1525 ਦੇ ਮੁੱਠੇ ਦੇ ਨਾਲ ਪਿੰਡ ਮਜਾਰੀ ਦਾ ਰਿਕਾਰਡ ਪ੍ਰਾਰਥੀ ਨੂੰ ਮੁਹੱਈਆ ਕਰਵਾਇਆ ਜਾਣਾ ਹੈ ਜੋ ਕਿ ਅਸਲ ਇੰਤਕਾਲ ਨੰਬਰ 1525 ਪਿੰਡ ਮਜਾਰੀ ਰਾਹੀਂ ਦਫ਼ਤਰ ਸਦਰ ਸ਼ਾਖਾ ਸ਼ਹੀਦ ਭਗਤ ਸਿੰਘ ਨਗਰ ਰਾਹੀਂ ਪ੍ਰਾਪਤ ਹੋ ਚੁੱਕਾ ਹੈ। ਜਿਸ ਦੀ ਕਾਪੀ ਮੁਹੱਈਆ ਕਰ ਦਿੱਤੀ ਗਈ ਸੀ, ਪਰ ਉਸ ਦੇ ਨਾਲ ਦਾ ਮਤਫਰਕ ਕਾਗਜ਼ਾਤ ਦਾ ਮੁੱਠਾ ਤਹਿਸੀਲ ਦਫ਼ਤਰ ਨਵਾਂਸ਼ਹਿਰ ਦੀ ਦਫ਼ਤਦਰ ਕਾਨੂੰਗੋ ਬਰਾਂਚ ਵਿੱਚ ਹੈ।ਇਸ ਲਈ ਉੱਤਰਦਾਤਾ ਵੱਲੋਂ ਸਬੰਧਤ ਰਿਕਾਰਡ ਲਈ ਤਹਿਸੀਲਦਾਰ ਨਵਾਂਸ਼ਹਿਰ ਨੂੰ ਸੰਮਨ ਕਰਨ ਲਈ ਬੇਨਤੀ ਕੀਤੀ ਗਈ ਹੈ।

3. ਤਦਹਿਸੀਲਦਾਰ-ਕਮ-ਸਹਾਇਕ ਲੋਕ ਸੂਚਨਾ ਅਧਿਕਾਰੀ, ਬੰਗਾ, ਵੱਲੋਂ ਆਪਣੇ ਦਫ਼ਤਰ ਨਾਲ ਸਬੰਧਤ ਰਿਕਾਰਡ ਅਪੀਲਕਰਤਾ ਨੂੰ ਮੁਹੱਈਆ ਕਰਵਾਇਆ ਜਾ ਚੁੱਕਾ ਹੈ ਇਸ ਲਈ ਹਾਜ਼ਰ ਉੱਤਰਦਾਤਾ ਵੱਲੋ ਪੇਸ਼ ਕੀਤਾ ਗਿਆ ਜਵਾਬ ਕਮਿਸ਼ਨ ਵੱਲੋਂ ਤਸੱਲੀਬਖਸ਼ ਪਾਇਆ ਗਿਆ ਹੈ। ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 27 ਨਵੰਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀ ਅੰਕਿਤ ਜੈਨ, (95017-60987)
ਪੁੱਤਰ ਸ਼੍ਰੀ ਯਸ਼ਪਾਲ ਜੈਨ,
#1006, ਮੋਰਨੀ ਵਾਲਾ ਖੂਹ,
ਡੇਰਾ ਬੱਸੀ, ਜ਼ਿਲ੍ਹਾ ਮੁਹਾਲੀ। ..........ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਨਗਰ ਕੌਂਸਿਲ,
ਜ਼ੀਰਕਪੁਰ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ, ਪੰਜਾਬ,
ਪਟਿਆਲਾ। .......... ਉੱਤਰਦਾਤਾ

**ਅਪੀਲ ਕੇਸ ਨੰ:2445 ਆਫ਼ 2018**

**ਹਾਜ਼ਰ:-**

1) ਸ਼੍ਰੀ ਅੰਕਿਤ ਜੈਨ, ਅਪੀਲਕਰਤਾ।
2) ਉੱਤਰਦਾਤਾ ਵੱਲੋਂ ਕੋਈ ਨਹੀਂ।

**ਹੁਕਮ:**

ਅੱਜ ਪੇਸ਼ੀ ਸਮੇਂ ਅਪੀਲਕਰਤਾ ਨੇ ਦੱਸਿਆ ਹੈ ਕਿ ਉਸ ਨੂੰ ਅਜੇ ਤੱਕ ਕੋਈ ਵੀ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ ਵੱਲੋਂ ਕੋਈ ਵੀ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਆਪਣੀ ਗੈਰਹਾਜ਼ਰੀ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਭੇਜੀ ਗਈ ਹੈ। ਉੱਤਰਦਾਤਾ ਵੱਲੋਂ ਪਿਛਲੀ ਪੇਸ਼ੀ ਤੇ ਵੀ ਕੋਈ ਹਾਜ਼ਰ ਨਹੀਂ ਹੋਇਆ ਸੀ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਦੇ ਬਿਨੈ-ਪੱਤਰ ਅਨੁਸਾਰ ਸੂਚਨਾ ਦਾ ਅਧਿਕਾਰ ਐਕਟ,2005 ਤਹਿਤ ਬਣਦੀ ਸੂਚਨਾ ਅਪੀਲਕਰਤਾ ਨੂੰ ਅਗਲੀ ਪੇਸ਼ੀ ਤੋਂ ਪਹਿਲਾਂ-ਪਹਿਲਾਂ ਮੁਹੱਈਆ ਕਰਵਾਈ ਜਾਵੇ ਅਤੇ ਪੇਸ਼ੀ ਤੇ ਨਿੱਜੀ ਤੌਰ ਤੇ ਹਾਜ਼ਰ ਹੋ ਕੇ ਪਿਛਲੀ ਪੇਸ਼ੀ ਤੇ ਹਾਜ਼ਰ ਨਾ ਹੋਣ ਬਾਰੇ ਸਪੱਸ਼ਟੀਕਰਣ ਵੀ ਪੇਸ਼ ਕੀਤਾ ਜਾਵੇ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 21-01-2019 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 27 ਨਵੰਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀ ਗੁਰਦੀਪ ਸਿੰਘ ਢਿੰਗੀ,
ਪੁੱਤਰ ਸ੍ਰੀ ਹਰਨਾਮ ਸਿੰਘ,
ਵਾਸੀ ਬਲਾਕ ਨੰ: 1, ਮਕਾਨ ਨੰ: 390,
ਧਰਮਪੁਰਾ ਮੋਹਲਾ, ਧੂਰੀ,
ਜਿਲਾ ਸੰਗਰੂਰ। -----**ਅਪੀਲਕਰਤਾ**

**ਬਨਾਮ**

**ਲੋਕ ਸੂਚਨਾ ਅਧਿਕਾਰੀ,**
**ਦਫਤਰ** ਪ੍ਰਿੰਸੀਪਲ, ਆਰੀਆ ਕਾਲਜ,
ਧੂਰੀ, ਜਿਲ੍ਹਾ ਸੰਗਰੂਰ।

**ਪਹਿਲੀ ਅਪੀਲੀ ਅਥਾਰਟੀ,**
ਡੀ.ਪੀ.ਆਈ.(ਕਾਲਜ), ਪੰਜਾਬ,
ਚੰਡੀਗੜ੍ਹ। ----**ਉੱਤਰਦਾਤਾ**

**ਅਪੀਲ ਕੇਸ ਨੰ:2462 ਆਫ਼ 2018**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (**ਲੋਕ ਸੂਚਨਾ ਅਧਿਕਾਰੀ)** ਵੱਲੋ ਸ਼੍ਰੀ ਜੈ ਸਿੰਘ ਰਾਣਾ, ਸੀਨੀਅਰ ਸਹਾਇਕ (82830-38959)।

**ਹਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 09-03-2018, ਲੋਕ ਸੂਚਨਾ ਅਧਿਕਾਰੀ ਦਫਤਰ ਪ੍ਰਿੰਸੀਪਲ, ਆਰੀਆ ਕਾਲਜ, ਧੂਰੀ, ਜਿਲ੍ਹਾ ਸੰਗਰੂਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਉਸ ਵੱਲੋਂ 01-04-2012 ਤੋਂ 31-03-2018 ਤੱਕ ਕਾਲਿਜ ਵਿੱਚ ਪੜ੍ਹਦੇ ਵਿਦਿਆਰਥੀਆਂ ਅਤੇ ਪ੍ਰਾਪਤ ਕੀਤੇ ਵਜ਼ੀਫਿਆਂ ਨਾਲ ਸਬੰਧਤ 4 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 20-04-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 24-07-2018 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 27-08-2018 ਨੂੰ ਪਹਿਲੀ ਸੁਣਵਾਈ ਮਿਤੀ 18-09-2018 ਨੂੰ ਸਵੇਰੇ 11:30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਅੱਜ ਪੇਸ਼ੀ ਸਮੇਂ ਅਪੀਲਕਰਤਾ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਸ ਵੱਲੋਂ ਆਪਣੀ ਗੈਰਹਾਜ਼ਰੀ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਭੇਜੀ ਗਈ ਹੈ। ਉੱਤਰਦਾਤਾ (**ਲੋਕ ਸੂਚਨਾ ਅਧਿਕਾਰੀ)** ਵੱਲੋ ਹਾਜ਼ਰ ਸ਼੍ਰੀ ਜੈ ਸਿੰਘ ਰਾਣਾ, ਸੀਨੀਅਰ ਸਹਾਇਕ ਨੇ ਆਪਣਾ ਲਿਖਤੀ ਜਵਾਬ, ਮਿਤੀ 26-11-2018 ਪੇਸ਼ ਕੀਤਾ ਹੈ ਜਿਸ ਰਾਹੀਂ ਦੱਸਿਆ ਗਿਆ ਹੈ ਕਿ ਉਨ੍ਹਾਂ ਦਾ ਕਾਲਿਜ ਇੱਕ ਪ੍ਰਾਈਵੇਟ ਸੰਸਥਾ ਹੈ ਅਤੇ ਇਹ ਕਾਲਿਜ ਸਰਕਾਰ ਕੋਲੋਂ ਸਿੱਧੇ ਜਾਂ ਅਸਿੱਧੇ ਤੌਰ ਤੇ ਕੋਈ ਵੀ ਵਿੱਤੀ ਸਹਾਇਤਾ ਪ੍ਰਾਪਤ ਨਹੀਂ ਕਰ ਰਿਹਾ। ਇਹ ਕਾਲਿਜ ਨਾ ਤਾਂ ਸਰਕਾਰ ਕੋਲੋਂ ਪ੍ਰਾਪਤ ਵਿੱਤੀ ਸਹਾਇਤਾ ਨਾਲ ਸਥਾਪਿਤ ਕੀਤਾ ਗਿਆ ਹੈ ਅਤੇ ਨਾ ਹੀ ਕਿਸੇ ਸਰਕਾਰ ਦੇ ਕੰਟਰੋਲ ਅਧੀਨ ਹੈ। ਇਸ ਕਰਕੇ ਇਹ ਕਾਲਜ

ਚਲਦਾ---ਪੰਨਾ/2

**<u>ਅਪੀਲ ਕੇਸ ਨੰ:2462 ਆਫ਼ 2018</u>**

ਆਰ.ਟੀ.ਆਈ. ਐਕਟ, 2005 ਦੇ ਅਧਿਕਾਰ ਖੇਤਰ ਵਿੱਚ ਨਹੀਂ ਆਉਂਦਾ। ਇਸ ਲਈ ਉੱਤਰਦਾਤਾ ਵੱਲੋਂ ਅਪੀਲਕਰਤਾ ਦੀ ਅਪੀਲ ਰੱਦ ਕਰਨ ਲਈ ਬੇਨਤੀ ਕੀਤੀ ਗਈ ਹੈ। ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਜਵਾਬ ਜਿਸ ਦੀ ਕਾਪੀ ਅਪੀਲਕਰਤਾ ਨੂੰ ਵੀ ਭੇਜੀ ਹੋਈ ਹੈ, ਕਮਿਸ਼ਨ ਵੱਲੋਂ ਤਸੱਲੀਬਖਸ਼ ਪਾਇਆ ਗਿਆ ਹੈ। ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **<u>ਅਪੀਲ ਕੇਸ ਦਾਖਲ ਦਫ਼ਤਰ</u>** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)

**ਮਿਤੀ: ਚੰਡੀਗੜ੍ਹ, 27 ਨਵੰਬਰ, 2018.**

**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਪੰਜਾਬ ਰੈਡ ਕਰਾਸ ਭਵਨ ਨਜਦੀਕ ਰੋਜ ਗਾਰਡਨ,ਸੈਕਟਰ 16 ਚੰਡੀਗੜ੍ਹ
E-mail :- psic23@punjabmail.gov.in, Phone No. 0172-2864113
(www.infocommpunjab.com) Fax : 0172-2864125,2864110

ਡਾ. ਭੋਲਾ ਸਿੰਘ ਸਿਧੂ,
ਪੁੱਤਰ ਸ਼੍ਰੀ ਪੂਰਨ ਸਿੰਘ,
ਮਕਾਨ ਨੰ 2ਏ ਫ਼ੇਸ 5 ਬਿਊਟੀ ਐਵਨਿਊ,
ਅ੍ਰਮਿਤਸਰ। -----**ਅਪੀਲਕਰਤਾ**

**ਬਨਾਮ**

**ਲੋਕ ਸੂਚਨਾ ਅਧਿਕਾਰੀ,**
**ਦਫਤਰ** ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਿਜ
ਅ੍ਰਮਿਤਸਰ।।

**ਪਹਿਲੀ ਅਪੀਲੀ ਅਥਾਰਟੀ,**
**ਦਫਤਰ** ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਿਜ
ਅ੍ਰਮਿਤਸਰ।

(ਰਜਿਸਟਰਡ) ਲੋਕ ਸੂਚਨਾ ਅਧਿਕਾਰੀ,
ਦਫਤਰ ਪ੍ਰਿੰਸੀਪਲ,ਸਰਕਾਰੀ ਮੈਡੀਕਲ ਕਾਲਿਜ
ਅ੍ਰਮਿਤਸਰ।

(ਰਜਿਸਟਰਡ) **ਪਹਿਲੀ ਅਪੀਲੀ ਅਥਾਰਟੀ,**

ਦਫਤਰ ਪ੍ਰਿੰਸੀਪਲ,ਸਰਕਾਰੀ ਮੈਡੀਕਲ ਕਾਲਿਜ
ਅ੍ਰਮਿਤਸਰ। -----**ਉੱਤਰਦਾਤਾ**

**ਅਪੀਲ ਕੇਸ ਨੰ: 2518 ਆਫ 2018**

**ਹਾਜ਼ਰ:-**

1) ਅਪੀਲਕਰਤਾ ਵਲੋ ਸ਼੍ਰੀ ਅ੍ਰਮਿਤ ਪਾਲ ਸਿੰਘ ਗਿੱਲ, ਐਡਵੋਕੇਟ(98783-95953)।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਡਾਕਟਰ ਸਰਬਜੀਤ ਸਿੰਘ, ਪ੍ਰੋਫੈਸਰ (98889-82387)।

ਹੁਕਮ:

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ ਮਿਤੀ 8.11.17 ਲੋਕ ਸੂਚਨਾ ਅਧਿਕਾਰੀ, **ਦਫਤਰ** ਪ੍ਰਿੰਸੀਪਲ ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਿਜ,ਅ੍ਰਮਿਤਸਰ ਨੂੰ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਅਪੀਲਕਰਤਾ ਨੇ ਆਪਣੀ ਸਰਵਿਸ ਬੁਕ ਦੇ ਸਾਰੇ ਪੰਨਿਆਂ ਦੀ ਫ਼ੋਟੋਸਟੈਟ ਦੀ ਮੰਗ ਕੀਤੀ ਸੀ।ਪ੍ਰਾਰਥੀ ਨੂੰ ਲੋਕ ਸੂਚਨਾ ਅਧਿਕਾਰੀ ਵਲੋ ਸੂਚਨਾ ਉਪਲਬਧ ਨਹੀ ਕਰਵਾਈ ਗਈ।ਅਪੀਲਕਰਤਾ ਨੂੰ ਸੂਚਨਾ ਨਾ ਮਿਲਣ ਕਰਕੇ ਉਸ ਨੇ ਪਹਿਲੀ ਐਪੀਲੈਟ ਅਥਾਰਟੀ ਪਾਸ ਮਿਤੀ 15.7.2018 ਨੂੰ ਅਪੀਲ ਪੇਸ਼ ਕੀਤੀ ਸੀ। ਪਹਿਲੀ ਐਪੀਲੈਟ ਅਥਾਰਟੀ ਤੋ ਵੀ ਸੂਚਨਾ ਉਪਲਬਧ ਨਾ ਕਰਵਾਉਣ ਤੇ ਮਿਤੀ 27.7.2018 ਨੂੰ ਅਪੀਲਕਰਤਾ ਨੇ ਕਮਿਸ਼ਨ ਕੋਲ ਦੂਜੀ ਅਪੀਲ

ਚਲਦਾ---ਪੰਨਾ/2

ਦਾਇਰ ਕੀਤੀ। ਕਮਿਸ਼ਨ ਵੱਲੋਂ ਮਿਤੀ 27.8.2018 ਨੂੰ ਪਹਿਲੀ ਸੁਣਵਾਈ ਮਿਤੀ 18-09-2018 ਨੂੰ ਸਵੇਰੇ 11-30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2) ਪੇਸ਼ੀ, ਮਿਤੀ 18.9.2018 ਨੂੰ ਅਪੀਲਕਰਤਾ ਵਲੋ ਸ਼੍ਰੀ ਅੰਮ੍ਰਿਤ ਪਾਲ ਸਿੰਘ ਐਡਵੋਕੇਟ ਨੇ ਪੇਸ਼ ਹੋ ਕੇ ਦੱਸਿਆ ਸੀ ਕਿ ਅਪੀਲਕਰਤਾ ਨੇ ਆਪਣੀ ਸਰਵਿਸ ਬੁਕ ਦੀ ਫ਼ੋਟੋਸਟੈਟ ਕਾਪੀ ਮੰਗੀ ਸੀ। ਪਰ ਉੱਤਰਦਾਤਾ ਵਲੋ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ। ਕਮਿਸ਼ਨ ਨੇ ਇਸ ਸੰਬਧੀ ਹਾਜ਼ਰ ਉੱਤਰਦਾਤਾ ਤੋਂ ਅਪੀਲਕਰਤਾ ਵਲੋ ਮੰਗੀ ਗਈ ਨਿਜੀ ਸੂਚਨਾ ਮੁਹੱਈਆ ਨਾ ਕਰਵਾਉਣ ਦਾ ਕਾਰਣ ਪੁੱਛਿਆ।ਉੱਤਰਦਾਤਾ ਨੇ ਇਸ ਸੰਬਧੀ ਕੋਈ ਜੁਆਬ ਨਹੀਂ ਦਿੱਤਾ।ਕਮਿਸ਼ਨ ਨੇ ਕਿਹਾ ਕਿ ਕਾਲਿਜ ਨੂੰ ਇਹ ਸੂਚਨਾ ਆਰ.ਟੀ.ਆਈ.ਐਕਟ ਅਨੁਸਾਰ 30 ਦਿਨਾਂ ਦੇ ਅੰਦਰ ਅੰਦਰ ਦੇਣੀ ਚਾਹੀਦੀ ਸੀ, ਜੋ ਕਿ ਨਹੀ ਦਿੱਤੀ ਗਈ ਤੇ ਇਹ ਕਾਲਿਜ ਦੀ ਘੋਰ ਅਣਗਹਿਲੀ ਹੈ।ਕਾਲਿਜ ਵਲੋ ਪ੍ਰਾਰਥੀ ਨੂੰ ਖਰਾਬ ਕੀਤਾ ਗਿਆ ਹੈ।ਇਸ ਕਰ ਕੇ ਕਾਲਿਜ ਨੂੰ ਰੁਪਏ 25000/-(Rs. Twenty Five Thousand only) ਦਾ ਹਰਜਾਨਾ ਪਾਇਆ ਗਿਆ ਸੀ। ਇਸ ਸੰਬਧ ਵਿਚ ਉੱਤਰਦਾਤਾ ਲੋਕ ਸੂਚਨਾ ਅਧਿਕਰੀ ਸ਼੍ਰੀ ਰਵੀਕਾਂਤ ਨੂੰ ਹਦਾਇਤ ਦਿੰਦੇ ਪਾਬੰਦ ਕੀਤੀ ਗਈ ਸੀ ਕਿ ਕਾਲਿਜ ਦੇ ਫੰਡ ਵਿੱਚੋਂ ਉਹ ਰੁਪਏ 25000/- ਦਾ ਬੈਂਕ ਡਰਾਫ਼ਟ ਅਪੀਲਕਰਤਾ ਦੇ ਨਾਂ ਦਾ ਬਣਾ ਕੇ ਅਗਲੀ ਮਿਤੀ ਤੋ ਪਹਿਲ-ਪਹਿਲਾਂ ਰਜਿਸਟਰ ਡਾਕ ਰਾਹੀਂ ਸਮੇਤ ਸੂਚਨਾ ਅਪੀਲਕਰਤਾ ਨੂੰ ਭੇਜੇ ਤੇ ਇਸ ਦੀ ਸੂਚਨਾ ਕਮਿਸ਼ਨ ਨੂੰ ਦੇਵੇ। ਇਸ ਹਦਾਇਤ ਨਾਲ ਇਸ ਕੇਸ ਦੀ ਅਗਲੀ ਸੁਣਵਾਈ ਦੀ ਮਿਤੀ 17.10.2018 ਨੂੰ ਨਿਸ਼ਚਿਤ ਕੀਤੀ ਗਈ ਸੀ।

3. ਪੇਸ਼ੀ, ਮਿਤੀ 17.10-2018 ਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਸ਼੍ਰੀ ਰਵੀ ਕਾਂਤ ਸ਼ਰਮਾ, ਨੇ ਦੱਸਿਆ ਸੀ ਕਿ ਕਮਿਸ਼ਨ ਦੇ ਅੰਤ੍ਰਿਮ ਹੁਕਮ, ਮਿਤੀ 18-09-2018 ਦੀ ਪਾਲਣਾ ਹਿੱਤ ਅਪੀਲਕਰਤਾ ਨੂੰ ਮੁਆਵਜ਼ੇ ਵਜੋਂ 25000/-ਰੁਪਏ (ਕੇਵਲ ਪੱਚੀ ਹਜ਼ਾਰ ਰੁਪਏ) ਦੀ ਅਦਾਇਗੀ ਕੀਤੀ ਜਾ ਚੁੱਕੀ ਹੈ ਪਰੰਤੂ ਅਪੀਲਕਰਤਾ ਦੀ ਸੇਵਾ-ਪੱਤਰੀ ਰਿਕਾਰਡ ਵਿੱਚ ਉਪਲਬਧ ਨਹੀਂ ਹੋ ਰਹੀ। ਉਸ ਵੱਲੋਂ ਇਹ ਵੀ ਦੱਸਿਆ ਗਿਆ ਸੀ ਕਿ ਸੇਵਾ-ਪੱਤਰੀ ਦੇ ਗੁੰਮ ਹੋਣ ਦੇ ਕਾਰਨਾਂ ਦੀ ਜਾਂਚ ਕਰਨ ਲਈ ਇੱਕ ਕਮੇਟੀ ਦਾ ਗਠਨ ਵੀ ਕੀਤਾ ਗਿਆ ਹੈ। ਅਪੀਲਕਰਤਾ ਦੇ ਨੁੰਮਾਇੰਦੇ ਨੇ ਕਿਹਾ ਸੀ ਕਿ ਮੁਆਵਜੇਂ ਦੀ ਰਕਮ ਮਿਲ ਗਈ ਹੈ ਪਰੰਤੂ ਅਜੇ ਤੱਕ ਸੂਚਨਾ ਪ੍ਰਾਪਤ ਨਹੀਂ ਹੋਈ। ਅਪੀਲਕਰਤਾ ਨੂੰ ਸਲਾਹ ਦਿੱਤੀ ਗਈ ਸੀ ਕਿ ਉਹ ਉੱਤਰਦਾਤਾ ਦੇ ਦਫ਼ਤਰ ਜਾ ਕੇ ਸੇਵਾ-ਪੱਤਰੀ ਲੱਭਣ ਵਿੱਚ ਸਹਿਯੋਗ ਦੇ ਸੂਚਨਾ ਪ੍ਰਾਪਤ ਕਰ ਲਵੇ। ਕਿਸੇ ਵੀ ਸੂਰਤ ਵਿੱਚ ਸੇਵਾ-ਪੱਤਰੀ ਉਪਲਬਧ ਨਾ ਹੋਣ ਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਗਈ ਸੀ ਕਿ ਸੇਵਾ-ਪੱਤਰੀ ਉਪਲਬਧ ਨਾ ਹੋਣ ਬਾਰੇ ਤਸਦੀਕ-ਸ਼ੁਦਾ ਹਲਫੀਆ-ਬਿਆਨ ਰਾਹੀਂ ਆਪਣਾ ਜਵਾਬ ਰਜਿਸਟਰਡ ਪੱਤਰ ਰਾਹੀਂ ਅਪੀਲਕਰਤਾ ਨੂੰ ਅਗਲੀ ਪੇਸ਼ੀ ਤੋਂ ਪਹਿਲਾਂ-ਪਹਿਲਾਂ ਭੇਜ਼ ਕੇ ਪੇਸ਼ੀ ਤੇ ਹਾਜ਼ਰ ਹੋਣਾ ਵੀ ਯਕੀਨੀ ਬਣਾਇਆ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 27-11-2018 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

4. ਅੱਜ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ

ਚਲਦਾ---ਪੰਨਾ/3

**ਅਪੀਲ ਕੇਸ ਨੰ:2518 ਆਫ਼ 2018**

ਡਾਕਟਰ ਸਰਬਜੀਤ ਸਿੰਘ, ਪ੍ਰੋਫੈਸਰ ਨੇ ਹਲਫੀਆ-ਬਿਆਨ, ਮਿਤੀ 26-11-2018 ਰਾਹੀਂ ਆਪਣਾ ਜਵਾਬ ਪੇਸ਼ ਕੀਤਾ ਹੈ ਜਿਸ ਰਾਹੀਂ ਦੱਸਿਆ ਗਿਆ ਹੈ ਕਿ ਅਪੀਲਕਰਤਾ ਨੂੰ ਮੁਆਵਜ਼ੇ ਵਜੋ 25000/-ਰੁਪਏ ਦੀ ਅਦਾਇਗੀ ਕਰ ਦਿੱਤੀ ਗਈ ਹੈ ਅਤੇ ਅਪੀਲਕਰਤਾ ਦੀ ਸੇਵਾ-ਪੱਤਰੀ ਦਫ਼ਤਰ ਦਾ ਸਾਰਾ ਰਿਕਾਰਡ ਚੈੱਕ ਕਰਨ ਤੇ ਵੀ ਉਪਲਬਧ ਨਹੀਂ ਹੋ ਸਕੀ । ਇਸ ਜਵਾਬ ਦੀ ਕਾਪੀ ਅਪੀਲਕਰਤਾ ਦੇ ਨੁਮਾਇੰਦੇ ਨੂੰ ਵੀ ਦਿੱਤੀ ਜਾ ਚੁੱਕੀ ਹੈ ਅਤੇ ਉਸ ਵੱਲੋਂ ਸੰਤੁਸ਼ਟੀ ਜ਼ਾਹਿਰ ਕੀਤੀ ਗਈ ਹੈ। ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)

**ਮਿਤੀ: ਚੰਡੀਗੜ੍ਹ, 27 ਨਵੰਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਪੰਜਾਬ ਰੈਡ ਕਰਾਸ ਭਵਨ ਨਜਦੀਕ ਰੋਜ ਗਾਰਡਨ,ਸੈਕਟਰ 16 ਚੰਡੀਗੜ੍ਹ
E-mail :- psic23@punjabmail.gov.in, Phone No. 0172-2864113
(www.infocommpunjab.com) Fax : 0172-2864125,2864110

ਸ੍ਰੀਮਤੀ ਸੁਨੀਤਾ ਦੇਵੀ ਪੁੱਤਰੀ ਸ੍ਰੀ ਪ੍ਰਕਾਸ਼ ਚੰਦ,
ਵਾਸੀ ਨਿਊ ਕੋਰਟ ਰੋਡ, ਕੇਸਰ ਵਕੀਲ ਵਾਲੀ ਗਲੀ,
ਮਾਨਸਾ।                                                                                  ------ਸ਼ਿਕਾਇਤਕਰਤਾ

**ਬਨਾਮ**

**ਲੋਕ ਸੂਚਨਾ ਅਧਿਕਾਰੀ,**
ਦਫਤਰ: ਡਿਪਟੀ ਕਮਿਸ਼ਨਰ,
ਮਾਨਸਾ।                                                                                  -----**ਉੱਤਰਦਾਤਾ**

**ਸ਼ਿਕਾਇਤ ਕੇਸ ਨੰ:778 ਆਫ 2018**

**ਹਾਜ਼ਰ:-**

1) ਸ਼ਿਕਾਇਤਕਰਤਾ ਵੱਲੋਂ ਕੋਈ ਨਹੀ।
2) ਉੱਤਰਦਾਤਾ ਵੱਲੋਂ ਸ਼੍ਰੀ ਭੋਲਾ ਸਿੰਘ, ਜੂਨੀਅਰ ਸਹਾਇਕ (81465-57400)।

ਹੁਕਮ:

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 12-04-2018, ਲੋਕ ਸੂਚਨਾ ਅਧਿਕਾਰੀ ਦਫਤਰ ਡਿਪਟੀ ਕਮਿਸ਼ਨਰ,ਮਾਨਸਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਡਿਪਟੀ ਕਮਿਸ਼ਨਰ ਅਤੇ ਉਪ ਮੰਡਲ ਮੈਜਿਸਟਰੇਟ, ਮਾਨਸਾ ਦੇ ਦਫ਼ਤਰ ਦੇ ਰਿਕਾਰਡ ਨਾਲ ਸਬੰਧਤ 9 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 19-07-2018 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 27-08-2018 ਨੂੰ ਪਹਿਲੀ ਸੁਣਵਾਈ ਮਿਤੀ 18-09-2018 ਨੂੰ ਸਵੇਰੇ 11:30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਅੱਜ ਪੇਸ਼ੀ ਸਮੇਂ ਸ਼ਿਕਾਇਤਕਰਤਾ ਹਾਜ਼ਰ ਨਹੀਂ ਹੋਈ ਪਰੰਤੂ ਉਸ ਵੱਲੋਂ ਆਪਣੀ ਬਿਮਾਰੀ ਕਾਰਨ ਅੱਜ ਹਾਜ਼ਰ ਨਾ ਹੋਣ ਬਾਰੇ ਈ.ਮੇਲ ਰਾਹੀਂ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਇਹ ਵੀ ਦੱਸਿਆ ਗਿਆ ਹੈ ਕਿ ਉਸ ਨੂੰ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਭੋਲਾ ਸਿੰਘ, ਜੂਨੀਅਰ ਸਹਾਇਕ ਨੇ ਪੱਤਰ ਨੰ:1275/ਆਰ.ਟੀ.ਆਈ., ਮਿਤੀ 17-10-2018 ਪੇਸ਼ ਕੀਤਾ ਗਿਆ ਹੈ ਜੋ ਕਿ ਮਿਸਲ ਤੇ ਰੱਖ ਲਿਆ ਗਿਆ ਹੈ। ਇਸ ਪੱਤਰ ਰਾਹੀਂ ਉਤਰਦਾਤਾ ਵੱਲੋਂ ਦੱਸਿਆ ਗਿਆ ਹੈ ਕਿ ਸ਼ਿਕਾਇਤਕਰਤਾ ਵੱਲੋਂ ਮੰਗੀ ਗਈ ਸੂਚਨਾ ਉਨ੍ਹਾਂ ਵੱਲੋਂ ਆਪਣੇ ਪੱਤਰ ਨੰ:597/ਆਰ.ਟੀ.ਆਈ., ਮਿਤੀ 04-05-2018 ਰਾਹੀਂ ਪਹਿਲਾਂ ਹੀ ਭੇਜੀ ਜਾ ਚੁੱਕੀ ਹੈ। ਉੱਤਰਦਾਤਾ ਵੱਲੋਂ ਸ਼ਿਕਾਇਤਕਰਤਾ ਦੀ ਆਰ.ਟੀ.ਆਈ. ਮਿਤੀ 12-04-2018 ਦਾ ਜਵਾਬ ਸਮੇਂ ਸਿਰ ਭੇਜਿਆ ਗਿਆ ਹੈ।ਸ਼ਿਕਾਇਤਕਰਤਾ ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਪਹੁੰਚ ਕਰਨੀ ਚਾਹੀਦੀ ਸੀ। ਇਸ ਕਰਕੇ ਇਹ ਸ਼ਿਕਾਇਤ ਕੇਸ ਨਹੀਂ ਬਨਦਾ। ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਜਵਾਬ ਕਮਿਸ਼ਨ ਵੱਲੋਂ ਤਸੱਲੀਬਖਸ਼ ਪਾਇਆ ਗਿਆ ਹੈ। ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਸ਼ਿਕਾਇਤਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਸ਼ਿਕਾਇਤ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 27 ਨਵੰਬਰ, 2018.**                                    **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਪੰਜਾਬ ਰੈਂਡ ਕਰਾਸ ਭਵਨ ਨਜਦੀਕ ਰੋਜ ਗਾਰਡਨ,ਸੈਕਟਰ 16 ਚੰਡੀਗੜ੍ਹ
E-mail :- psic23@punjabmail.gov.in, Phone No. 0172-2864113
(www.infocommpunjab.com) Fax : 0172-2864125,2864110

ਸ਼੍ਰੀਮਤੀ ਸੁਨੀਤਾ ਦੇਵੀ ਪੁੱਤਰੀ ਸ਼੍ਰੀ ਪ੍ਰਕਾਸ਼ ਚੰਦ,
ਵਾਸੀ ਨਿਊ ਕੋਰਟ ਰੋਡ, ਕੇਸਰ ਵਕੀਲ ਵਾਲੀ ਗਲੀ,
ਮਾਨਸਾ।                                                                ------ਸ਼ਿਕਾਇਤਕਰਤਾ

**ਬਨਾਮ**

**ਲੋਕ ਸੂਚਨਾ ਅਧਿਕਾਰੀ,**
ਦਫਤਰ: ਡਿਪਟੀ ਕਮਿਸ਼ਨਰ,
ਮਾਨਸਾ।                                                                -----**ਉੱਤਰਦਾਤਾ**

**ਸ਼ਿਕਾਇਤ ਕੇਸ ਨੰ:779 ਆਫ 2018**

**ਹਾਜ਼ਰ:-**

1) ਸ਼ਿਕਾਇਤਕਰਤਾ ਵੱਲੋਂ ਕੋਈ ਨਹੀ।
2) ਉੱਤਰਦਾਤਾ ਵੱਲੋਂ ਸ਼੍ਰੀ ਭੋਲਾ ਸਿੰਘ, ਜੂਨੀਅਰ ਸਹਾਇਕ (81465-57400)।

ਹੁਕਮ:

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 26-04-2018, ਲੋਕ ਸੂਚਨਾ ਅਧਿਕਾਰੀ ਦਫਤਰ ਡਿਪਟੀ ਕਮਿਸ਼ਨਰ,ਮਾਨਸਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਡਿਪਟੀ ਕਮਿਸ੍ਨਰ ਅਤੇ ਉਪ ਮੰਡਲ ਮੈਜਿਸਟਰੇਟ, ਮਾਨਸਾ ਦੇ ਦਫ਼ਤਰ ਦੇ ਰਿਕਾਰਡ ਨਾਲ ਸਬੰਧਤ 3 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 19-07-2018 ਨੂੰ ਕਮਿਸ੍ਨ ਕੋਲ ਸ੍ਕਿਾਇਤ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 27-08-2018 ਨੂੰ ਪਹਿਲੀ ਸੁਣਵਾਈ ਮਿਤੀ 18-09-2018 ਨੂੰ ਸਵੇਰੇ 11:30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਅੱਜ ਪੇਸ਼ੀ ਸਮੇਂ ਸ਼ਿਕਾਇਤਕਰਤਾ ਹਾਜ਼ਰ ਨਹੀਂ ਹੋਈ ਪਰੰਤੂ ਉਸ ਵੱਲੋਂ ਆਪਣੀ ਬਿਮਾਰੀ ਕਾਰਨ ਅੱਜ ਹਾਜ਼ਰ ਨਾ ਹੋਣ ਬਾਰੇ ਈ.ਮੇਲ ਰਾਹੀਂ ਕਮਿਸ੍ਨ ਨੂੰ ਸੂਚਿਤ ਕਰਦੇ ਹੋਏ ਇਹ ਵੀ ਦੱਸਿਆ ਗਿਆ ਹੈ ਕਿ ਉਸ ਨੂੰ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਭੋਲਾ ਸਿੰਘ, ਜੂਨੀਅਰ ਸਹਾਇਕ ਨੇ ਪੱਤਰ ਨੰ:1274/ਆਰ.ਟੀ.ਆਈ., ਮਿਤੀ 17-10-2018 ਪੇਸ਼ ਕੀਤਾ ਗਿਆ ਹੈ ਜੋ ਕਿ ਮਿਸਲ ਤੇ ਰੱਖ ਲਿਆ ਗਿਆ ਹੈ। ਇਸ ਪੱਤਰ ਰਾਹੀਂ ਉਤਰਦਾਤਾ ਵੱਲੋਂ ਦੱਸਿਆ ਗਿਆ ਹੈ ਕਿ ਸ਼ਿਕਾਇਤਕਰਤਾ ਵੱਲੋਂ ਮੰਗੀ ਗਈ ਸੂਚਨਾ ਉਨ੍ਹਾਂ ਵੱਲੋਂ ਆਪਣੇ ਪੱਤਰ ਨੰ:1134/ਆਰ.ਟੀ.ਆਈ., ਮਿਤੀ 12-09-2018 ਰਾਹੀਂ ਪਹਿਲਾਂ ਹੀ ਭੇਜੀ ਜਾ ਚੁੱਕੀ ਹੈ। ਉੱਤਰਦਾਤਾ ਵੱਲੋਂ ਸ੍ਕਿਾਇਤਕਰਤਾ ਦੀ ਆਰ.ਟੀ.ਆਈ. ਮਿਤੀ 26-04-2018 ਦਾ ਜਵਾਬ ਭੇਜਿਆ ਗਿਆ ਹੈ। ਇਸ ਕਰਕੇ ਇਹ ਸ੍ਕਿਾਇਤ ਕੇਸ ਨਹੀਂ ਬਣਦਾ। ਸ੍ਕਿਾਇਤਕਰਤਾ ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਪਹੁੰਚ ਕਰਨੀ ਚਾਹੀਦੀ ਸੀ। ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਜਵਾਬ ਕਮਿਸ੍ਨ ਵੱਲੋਂ ਤਸੱਲੀਬਖਸ਼ ਪਾਇਆ ਗਿਆ ਹੈ। ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਸ੍ਕਿਾਇਤਕਰਤਾ ਵੱਲੋਂ ਕਮਿਸ੍ਨ ਵਿਖੇ ਦਾਇਰ ਕੀਤਾ ਗਿਆ **ਸ਼ਿਕਾਇਤ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 27 ਨਵੰਬਰ, 2018.**                                  **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਪੰਜਾਬ ਰੈਡ ਕਰਾਸ ਭਵਨ ਨਜਦੀਕ ਰੋਜ ਗਾਰਡਨ,ਸੈਕਟਰ 16 ਚੰਡੀਗੜ੍ਹ
E-mail :- psic23@punjabmail.gov.in, Phone No. 0172-2864113
(www.infocommpunjab.com) Fax : 0172-2864125,2864110

**ਸ੍ਰੀਮਤੀ ਸੁਨੀਤਾ ਦੇਵੀ ਪੁੱਤਰੀ ਸ੍ਰੀ ਪ੍ਰਕਾਸ਼ ਚੰਦ,**
**ਵਾਸੀ ਨਿਊ ਕੋਰਟ ਰੋਡ, ਕੇਸਰ ਵਕੀਲ ਵਾਲੀ ਗਲੀ,**
**ਮਾਨਸਾ।** ------ਸ਼ਿਕਾਇਤਕਰਤਾ

**ਬਨਾਮ**

**ਲੋਕ ਸੂਚਨਾ ਅਧਿਕਾਰੀ,**
**ਸੁਪਰਡੰਟ ਜਨਰਲ ਗਰੇਡ-2**
**ਦਫਤਰ: ਉਪ ਮੰਡਲ ਮੈਜਿਸਟਰੇਟ,**
**ਮਾਨਸਾ।** ----- **ਉੱਤਰਦਾਤਾ**

**ਸ਼ਿਕਾਇਤ ਕੇਸ ਨੰ:780 ਆਫ 2018**

**ਹਾਜ਼ਰ:-**

1) ਸ਼ਿਕਾਇਤਕਰਤਾ ਵੱਲੋਂ ਕੋਈ ਨਹੀ।
2) ਉੱਤਰਦਾਤਾ ਵੱਲੋਂ ਸ਼੍ਰੀ ਗੁਰਕੀਰਤ ਸਿੰਘ, ਕਲਰਕ, (84373-00494)।

ਹੁਕਮ:

ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਗੁਰਕੀਰਤ ਸਿੰਘ ਕਲਰਕ, ਨੇ ਪੱਤਰ ਨੰ:626/ਫਲੱਡ, ਮਿਤੀ 26-11-2018 ਪੇਸ਼ ਕਰਦੇ ਹੋਏ ਦੱਸਿਆ ਗਿਆ ਹੈ ਕਿ ਸ਼ਿਕਾਇਤਕਰਤਾ ਨੂੰ ਪੱਤਰ ਨੰ:622/ਫਲੱਡ, ਮਿਤੀ 31-10-2018 ਰਾਹੀਂ ਸੂਚਨਾ ਮੁਹੱਈਆ ਕੀਤੀ ਜਾ ਚੁੱਕੀ ਹੈ। ਸ਼ਿਕਾਇਤਕਰਤਾ ਅੱਜ ਹਾਜ਼ਰ ਨਹੀਂ ਹੋਈ ਪਰੰਤੂ ਉਸ ਵੱਲੋਂ ਈ.ਮੇਲ ਰਾਹੀਂ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਇਹ ਵੀ ਦੱਸਿਆ ਗਿਆ ਹੈ ਕਿ ਉਸ ਨੂੰ ਅਜੇ ਤੱਕ ਕੋਈ ਵੀ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਕਰਕੇ ਸ਼ਿਕਾਇਤਕਰਤਾ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਉਸ ਨੂੰ ਪ੍ਰਾਪਤ ਹੋਈ ਸੂਚਨਾ ਵਿੱਚ ਕੋਈ ਤਰੁੱਟੀਆਂ ਪਾਈਆਂ ਜਾਣ ਤਾਂ ਉਨ੍ਹਾਂ ਬਾਰੇ ਲਿਖਤੀ ਰੂਪ ਵਿੱਚ ਸਿੱਧੇ ਤੌਰ ਤੇ ਲੋਕ ਸੂਚਨਾ ਅਧਿਕਾਰੀ ਨੂੰ ਸੂਚਿਤ ਕੀਤਾ ਜਾਵੇ ਤਾਂ ਜੋ ਉਨ੍ਹਾਂ ਦੀ ਪੂਰਤੀ ਹੋ ਸਕੇ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 21-01-2019 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 27 ਨਵੰਬਰ, 2018.** ਰਾਜ ਸੂਚਨਾ ਕਮਿਸ਼ਨਰ, ਪੰਜਾਬ।

ਪੰਜਾਬ ਰਾਜ ਸੂਚਨਾ ਕਮਿਸ਼ਨ
ਪੰਜਾਬ ਰੈਡ ਕਰਾਸ ਭਵਨ ਨਜਦੀਕ ਰੋਜ ਗਾਰਡਨ,ਸੈਕਟਰ 16 ਚੰਡੀਗੜ੍ਹ
E-mail :- psic23@punjabmail.gov.in, Phone No. 0172-2864113
(www.infocommpunjab.com) Fax : 0172-2864125,2864110

**ਸ਼੍ਰੀ ਨਿਰਮਲ ਸਿੰਘ ਪੁੱਤਰ ਸ.ਨਛੱਤਰ ਸਿੰਘ ਧਾਲੀਵਾਲ,**
**ਪਿੰਡ ਤੇ ਡਾਕ ਬੜੂੰਦੀ , ਤਹਿਸੀਲ ਰਾਇਕੋਟ,**
ਜਿਲ੍ਹਾ ਲੁਧਿਆਣਾ – 141205 ------**ਅਪੀਲਕਰਤਾ**

**ਬਨਾਮ**

**ਲੋਕ ਸੂਚਨਾ ਅਧਿਕਾਰੀ,**
ਦਫਤਰ: ਬੀ.ਡੀ.ਪੀ.ਓ., ਪਖੋਵਾਲ,
ਲੁਧਿਆਣਾ।

**ਪਹਿਲੀ ਅਪੀਲੀ ਅਥਾਰਟੀ,**
ਦਫਤਰ: ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ,
ਲੁਧਿਆਣਾ। ----- **ਉੱਤਰਦਾਤਾ**

**ਅਪੀਲ ਕੇਸ ਨੰ: 2415 ਆਫ 2018**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਨਹੀ।
2) ਉੱਤਰਦਾਤਾ ਵੱਲੋਂ ਕੋਈ ਨਹੀ।

ਹੁਕਮ:

ਦੋਵੇਂ ਧਿਰਾਂ ਵੱਲੋਂ ਕੋਈ ਵੀ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਨ੍ਹਾਂ ਵੱਲੋਂ ਆਪਣੀ ਗੈਰ-ਹਾਜ਼ਰੀ ਬਾਰੇ ਕੋਈ ਸੂਚਨਾ ਕਮਿਸ਼ਨ ਨੂੰ ਭੇਜੀ ਗਈ ਹੈ। ਪਿਛਲੀ ਪੇਸ਼ੀ, ਮਿਤੀ 17-10-2018 ਤੇ ਉੱਤਰਦਾਤਾ ਵਲੋਂ ਹਾਜ਼ਰ ਸ਼੍ਰੀ ਹਰਪ੍ਰੀਤ ਸਿੰਘ, ਵਿਲੇਜ ਡਿਵੈਲਪਮੈਂਟ ਅਫਸਰ (ਵੀ.ਡੀ.ਓ.) ਅਪੀਲਕਰਤਾ ਨੂੰ ਦਿੱਤੀ ਜਾਣ ਵਾਲੀ ਸੂਚਨਾ ਲੈ ਕੇ ਹਾਜ਼ਰ ਹੋਏ ਸੀ ਪਰੰਤੂ ਅਪੀਲਕਰਤਾ ਪਿਛਲੀ ਪੇਸ਼ੀ ਤੇ ਵੀ ਹਾਜ਼ਰ ਨਹੀਂ ਹੋਇਆ ਸੀ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਗਈ ਸੀ ਕਿ ਅਪੀਲਕਰਤਾ ਨੂੰ ਅਗਲੀ ਪੇਸ਼ੀ ਤੋਂ ਪਹਿਲਾਂ-ਪਹਿਲਾਂ ਰਜਿਸਟਰਡ ਡਾਕ ਰਾਹੀਂ ਸੂਚਨਾ ਭੇਜ਼ ਦਿੱਤੀ ਜਾਵੇ ਅਤੇ ਪੇਸ਼ੀ ਤੇ ਨਿੱਜੀ ਤੌਰ ਤੇ ਹਾਜ਼ਰ ਹੋਣਾ ਵੀ ਯਕੀਨੀ ਬਣਾਇਆ ਜਾਵੇ। ਅਪੀਲਕਰਤਾ ਨੂੰ ਵੀ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਗਿਆ ਸੀ। ਇਸ ਲਈ ਇਸ ਕੇਸ ਦੀ ਅਗਲੀ ਸੁਣਵਾਈ ਦੀ ਮਿਤੀ 27.11.2018 ਨੂੰ ਸਵੇਰੇ 11-30 ਵਜੇ ਲਈ ਨਿਸ਼ਚਿਤ ਕੀਤੀ ਗਈ ਸੀ। ਪਰੰਤੂ ਅੱਜ ਉੱਤਰਦਾਤਾ ਵੱਲੋਂ ਕੋਈ ਵੀ ਪੇਸ਼ ਨਹੀਂ ਹੋਇਆ ਅਤੇ ਨਾ ਹੀ ਅਪੀਲਕਰਤਾ ਨੂੰ ਸੂਚਨਾ ਭੇਜਣ ਬਾਰੇ ਕਮਿਸ਼ਨ ਨੂੰ ਸੂਚਿਤ ਕੀਤਾ ਗਿਆ ਹੈ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਕਮਿਸ਼ਨ ਦੇ ਹੁਕਮ, ਮਿਤੀ 17-10-2018 ਦੀ ਪਾਲਣਾ ਨਾ ਕਰਨ ਬਾਰੇ ਅਗਲੀ ਪੇਸ਼ੀ ਤੇ ਨਿੱਜੀ ਤੌਰ ਤੇ ਹਾਜ਼ਰ ਹੋ ਕੇ ਸਪੱਸ਼ਟੀਕਰਣ ਪੇਸ਼ ਕੀਤਾ ਜਾਵੇ। ਅਪੀਲਕਰਤਾ ਨੂੰ ਵੀ ਆਪਣਾ ਪੱਖ ਪੇਸ਼ ਕਰਨ ਦਾ ਆਖਰੀ ਮੌਕਾ ਦਿੱਤਾ ਜਾਂਦਾ ਹੈ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ** 21-01-2019 **ਨੂੰ ਸਵੇਰੇ** 11-30 **ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ,** 27 **ਨਵੰਬਰ,** 2018. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀ ਗੁਰਸੇਵਕ ਸਿੰਘ,
ਪੁੱਤਰ ਸ਼੍ਰੀ ਗਿਆਨ ਸਿੰਘ,
#Z-2, 06852, ਗਲੀ ਨੰ:11/3,
ਪਾਵਰ ਹਾਊਸ ਰੋਡ,
ਬਠਿੰਡਾ-151101. ..........ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਰਜਿਸਰਾਰ,
ਪੰਜਾਬੀ ਯੂਨੀਵਰਸਿਟੀ,
ਪਟਿਆਲਾ।

ਪਹਿਲੀ ਅਪੀਲੀ ਅਥਾਰਟੀ-ਕਮ-
ਰਜਿਸਰਾਰ, ਪੰਜਾਬੀ ਯੂਨੀਵਰਸਿਟੀ
ਪਟਿਆਲਾ। ........ ਉੱਤਰਦਾਤਾ

**ਅਪੀਲ ਕੇਸ ਨੰ:2636 ਆਫ਼ 2018**

**ਹਾਜ਼ਰ:-** 1) ਅਪੀਲਕਰਤਾ ਵੱਲੋਂ ਉਸ ਦੇ ਪਿਤਾ ਸ਼੍ਰੀ ਗਿਆਨ **ਸਿੰਘ (98552-21952)।**
2) ਉੱਤਰਦਾਤਾ ਵੱਲੋਂ ਸ਼੍ਰੀ ਵਿਕਰਾਂਤ ਸ਼ਰਮਾ, ਐਡਵੋਕੇਟ (98141-05515)।

**ਹੁਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ,2005 ਅਧੀਨ ਇਕ ਬਿਨੈ ਪੱਤਰ ਮਿਤੀ 23-01-2018, ਲੋਕ ਸੂਚਨਾ ਅਧਿਕਾਰੀ ਦਫਤਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵੱਲੋਂ ਆਪਣੀ ਨਿੱਜੀ ਮਿਸਲ/ਸਰਵਿਸ-ਬੁੱਕ ਨਾਲ ਸਬੰਧਤ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 19-03-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 06-08-2018 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 05-09-2018 ਨੂੰ ਪਹਿਲੀ ਸੁਣਵਾਈ ਮਿਤੀ 25-09-2018 ਨੂੰ ਸਵੇਰੇ 11:30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

4. ਅੱਜ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਅਪੀਲਕਰਤਾ ਦੇ ਨੁਮਾਇੰਦੇ ਵੱਲੋਂ ਕਿਹਾ ਗਿਆ ਹੈ ਕਿ ਮੁਕੰਮਲ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ ਵੱਲੋ ਹਾਜ਼ਰ ਸ਼੍ਰੀ ਵਿਕਰਾਂਤ ਸ਼ਰਮਾ, ਐਡਵੋਕੇਟ ਨੇ ਕਿਹਾ ਹੈ ਕਿ ਉਨ੍ਹਾਂ ਵੱਲੋਂ ਉਨ੍ਹਾਂ ਕੋਲ ਉਪਲਬਧ ਸਾਰੀ ਸੂਚਨਾ ਅਪੀਲਕਰਤਾ ਨੂੰ ਮੁਹੱਈਆ ਕੀਤੀ ਜਾ ਚੁੱਕੀ ਹੈ। ਇਸ ਸਬੰਧੀ ਉੱਤਰਦਾਤਾ ਵੱਲੋਂ ਆਪਣੇ ਪੱਤਰ ਨੰ:7711/ਐਸ-7/104-18/ਆਰ.ਟੀ.ਆਈ. ਸੈੱਲ, ਮਿਤੀ 26-11-2018 ਰਾਹੀਂ ਲਿਖਤੀ ਰੂਪ ਵਿੱਚ ਵੀ ਕਮਿਸ਼ਨ ਨੂੰ ਸੂਚਿਤ ਕੀਤਾ ਗਿਆ ਹੈ। ਉੱਤਰਦਾਤਾ ਵੱਲੋਂ ਅਪੀਲਕਰਤਾ ਨੂੰ ਦਿੱਤੀ ਗਈ ਸੂਚਨਾ ਨੂੰ ਕਮਿਸ਼ਨ ਵੱਲੋਂ ਤਸੱਲੀਬਖਸ਼ ਪਾਇਆ ਗਿਆ ਹੈ। ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 27 ਨਵੰਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀਮਤੀ ਊਸ਼ਾ ਰਾਣੀ, (90412-22236)
ਪਤਨੀ ਸ਼੍ਰੀ ਰਾਮ ਮਨੋਹਰ, ਐਡਵੋਕੇਟ,
ਨੇੜੇ ਦੁਰਗਾ ਮੰਦਰ, ਗੋਨਿਆਨਾ ਮੰਡੀ,
ਜ਼ਿਲ੍ਹਾ ਬਠਿੰਡਾ। ..........ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਰਜਿਸਰਾਰ,
ਪੰਜਾਬੀ ਯੂਨੀਵਰਸਿਟੀ,
ਪਟਿਆਲਾ।

ਪਹਿਲੀ ਅਪੀਲੀ ਅਥਾਰਟੀ-ਕਮ-
ਰਜਿਸਰਾਰ, ਪੰਜਾਬੀ ਯੂਨੀਵਰਸਿਟੀ,
ਪਟਿਆਲਾ। ........ ਉੱਤਰਦਾਤਾ

**ਅਪੀਲ ਕੇਸ ਨੰ:2666 ਆਫ਼ 2018**

**ਹਾਜ਼ਰ:-** 1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ ਵੱਲੋਂ ਸ਼੍ਰੀ ਵਿਕਰਾਂਤ ਸ਼ਰਮਾ, ਐਡਵੋਕੇਟ (98141-05515)।

**ਹੁਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ,2005 ਅਧੀਨ ਇਕ ਬਿਨੈ ਪੱਤਰ ਮਿਤੀ 19-01-2018, ਲੋਕ ਸੂਚਨਾ ਅਧਿਕਾਰੀ ਦਫਤਰ ਰਜਿਸਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵੱਲੋਂ ਆਪਣੇ ਐਮ.ਏ. ਅੰਗਰੇਜ਼ੀ, ਸਿਮੈਸਟਰ-2 ਨਾਲ ਸਬੰਧਤ 09 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 05-03-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 06-08-2018 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 05-09-2018 ਨੂੰ ਪਹਿਲੀ ਸੁਣਵਾਈ ਮਿਤੀ 25-09-2018 ਨੂੰ ਸਵੇਰੇ 11:30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਪੇਸ਼ੀ, ਮਿਤੀ 25-09-2018 ਤੇ ਅਪੀਲਕਰਤਾ ਹਾਜ਼ਰ ਨਹੀਂ ਹੋਈ ਸੀ ਅਤੇ ਨਾ ਹੀ ਉਸ ਵੱਲੋਂ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਭੇਜੀ ਗਈ ਸੀ। ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਵਿਕਰਾਂਤ ਸ਼ਰਮਾ, ਐਡਵੋਕੇਟ ਨੇ ਅਪੀਲਕਰਤਾ ਨੂੰ ਸੂਚਨਾ ਮੁਹੱਈਆ ਕਰਾਉਣ ਲਈ ਕੁੱਝ ਸਮੇਂ ਦੀ ਮੰਗ ਕੀਤੀ ਸੀ।ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 17-10-2018 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਗਿਆ ਸੀ।

3. ਪੇਸ਼ੀ, ਮਿਤੀ 17-10-2018 **ਤੇ** ਦੋਵੇਂ ਧਿਰਾਂ ਨੂੰ ਸੁਣਿਆ ਗਿਆ ਸੀ। ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਵਿਕਰਾਂਤ ਸ਼ਰਮਾ, ਐਡਵੋਕੇਟ ਨੇ ਕਿਹਾ ਸੀ ਕਿ ਅਪੀਲਕਰਤਾ ਨੂੰ ਸੂਚਨਾ ਪਹਿਲਾਂ ਹੀ ਭੇਜੀ ਜਾ ਚੁੱਕੀ ਹੈ। ਪਰੰਤੂ ਅਪੀਲਕਰਤਾ ਦੀ ਤਰਫੋਂ ਹਾਜ਼ਰ ਸ਼੍ਰੀ ਵਰੁਣ ਬਾਂਸਲ, ਐਡਵੋਕਟ ਨੇ ਕਿਹਾ ਸੀ ਕਿ ਉਸ ਨੂੰ ਨੁਕਤਾ ਨੰ:1,5 ਅਤੇ

ਚਲਦਾ---ਪੰਨਾ/2

**ਅਪੀਲ ਕੇਸ ਨੰ:2666 ਆਫ਼ 2018**

6 ਦੀ ਦਿੱਤੀ ਗਈ ਸੂਚਨਾ ਗਲਤ ਹੈ। ਦੋਵਾਂ ਧਿਰਾਂ ਨਾਲ ਕੁੱਝ ਵਿਚਾਰ-ਵਟਾਂਦਰੇ ਉਪਰੰਤ ਅਪੀਲਕਰਤਾ ਦੇ ਨੁੰਮਾਇੰਦੇ ਨੇ ਨੁਕਤਾ ਨੰ:5 ਦੀ ਸੂਚਨਾ ਲੈਣ ਵਾਸਤੇ ਸਹਿਮਤੀ ਦਿੱਤੀ ਸੀ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਗਈ ਸੀ ਕਿ ਅਪੀਲਕਰਤਾ ਦੇ ਬਿਨੈ-ਪੱਤਰ ਦੇ ਨੁਕਤਾ ਨੰ:5 ਨਾਲ ਸਬੰਧਤ ਸੂਚਨਾ ਅਪੀਲਕਰਤਾ ਨੂੰ 15 ਦਿਨਾਂ ਦੇ ਅੰਦਰ-ਅੰਦਰ ਰਜਿਸਟਰਡ ਡਾਕ ਰਾਹੀਂ ਭੇਜੀ ਜਾਵੇ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 27-11-2018 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਗਿਆ ਸੀ।

4. ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਈ ਪਰੰਤੂ ਉਸ ਵੱਲੋ ਅੱਜ ਹਾਜ਼ਰ ਨਾ ਹੋਣ ਬਾਰੇ ਈ.ਮੇਲ ਰਾਹੀਂ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਇਹ ਵੀ ਦੱਸਿਆ ਗਿਆ ਹੈ ਕਿ ਉਸ ਨੂੰ ਉੱਤਰ ਕਾਪੀ ਅਜੇ ਤੱਕ ਪ੍ਰਾਪਤ ਨਹੀਂ ਹੋਈ। ਉੱਤਰਦਾਤਾ ਵੱਲੋ ਹਾਜ਼ਰ ਸ਼੍ਰੀ ਵਿਕਰਾਂਤ ਸ਼ਰਮਾ, ਐਡਵੋਕੇਟ ਨੇ ਨੁਕਤਾ ਨੰ:5 ਨਾਲ ਸਬੰਧਤ ਸੂਚਨਾ ਅਪੀਲਕਰਤਾ ਨੂੰ ਦੇਣ ਬਾਰੇ ਦੱਸਿਆ ਗਿਆ ਹੈ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਿੰਡੀਕੇਟ ਦੇ ਫੈਸਲੇ ਅਨੁਸਾਰ ਉੱਤਰ ਕਾਪੀ ਨਤੀਜਾ ਘੋਸ਼ਿਤ ਹੋਣ ਤੋਂ 6 ਮਹੀਨੇ ਬਾਅਦ ਨਸ਼ਟ ਕਰ ਦਿੱਤਾ ਜਾਂਦਾ ਹੈ। ਇਸ ਕਰਕੇ ਅਪੀਲਕਰਤਾ ਨੂੰ ਦਸੰਬਰ, 2016 ਦੀ ਉੱਤਰ ਕਾਪੀ ਮੁਹੱਈਆ ਨਹੀਂ ਕਰਵਾਈ ਜਾ ਸਕਦੀ। ਇਸ ਸਬੰਧੀ ਉੱਤਰਦਾਤਾ ਵੱਲੋਂ ਆਪਣੇ ਪੱਤਰ ਨੰ:7656/ਐਸ-6/104-18/ਆਰ.ਟੀ.ਆਈ. ਸੈੱਲ, ਮਿਤੀ 22-11-2018 ਰਾਹੀਂ ਲਿਖਤੀ ਰੂਪ ਵਿੱਚ ਵੀ ਕਮਿਸ਼ਨ ਨੂੰ ਸੂਚਿਤ ਕੀਤਾ ਗਿਆ ਹੈ। ਉੱਤਰਦਾਤਾ ਵੱਲੋਂ ਅਪੀਲਕਰਤਾ ਨੂੰ ਦਿੱਤੀ ਗਈ ਸੂਚਨਾ ਨੂੰ ਕਮਿਸ਼ਨ ਵੱਲੋਂ ਤਸੱਲੀਬਖਸ਼ ਪਾਇਆ ਗਿਆ ਹੈ। ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 27 ਨਵੰਬਰ, 2018.**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ੍ਰੀ ਅਜਮੇਲ ਸਿੰਘ, (94176-47043)
ਪੁੱਤਰ ਲੇਟ ਸ੍ਰੀ ਸੁਰਜੀਤ ਸਿੰਘ,
ਵਾਸੀ ਪਿੰਡ ਸੰਗਤਪੁਰਾ,
ਤਹਿਸੀਲ ਜਗਰਾਓਂ,
ਜ਼ਿਲ੍ਹਾ ਲੁਧਿਆਣਾ। .........ਸ਼ਿਕਾਇਤਕਰਤਾ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਬਲਾਕ ਵਿਕਾਸ ਤੇ ਪੰਚਾਇਤ ਅਫਸਰ,
ਜਗਰਾਓਂ, ਜ਼ਿਲ੍ਹਾ ਲੁਧਿਆਣਾ। ....... ਉੱਤਰਦਾਤਾ

**ਸ਼ਿਕਾਇਤ ਕੇਸ ਨੰ:808 ਆਫ਼ 2018**

**ਹਾਜ਼ਰ:-** 1) ਸ੍ਰੀ ਅਜਮੇਲ ਸਿੰਘ, ਸ਼ਿਕਾਇਤਕਰਤਾ।
2) ਉੱਤਰਦਾਤਾ ਵੱਲੋਂ ਕੋਈ ਵੀ ਨਹੀਂ।

**ਹਕਮ:**

ਸ਼ਿਕਾਇਤਕਰਤਾ ਨੇ ਅੱਜ ਹਾਜ਼ਰ ਹੋ ਕੇ ਦੱਸਿਆ ਹੈ ਕਿ ਉਸ ਨੂੰ ਗਲਤ ਸੂਚਨਾ ਦਿੱਤੀ ਗਈ ਹੈ।ਅੱਜ ਪੇਸ਼ੀ ਤੇ ਉੱਤਰਦਾਤਾ ਵੱਲੋਂ ਕੋਈ ਵੀ ਹਾਜ਼ਰ ਨਹੀਂ ਹੋਇਆ ਪਰੰਤੂ ਉਨ੍ਹਾਂ ਵੱਲੋਂ ਈ.ਮੇਲ ਰਾਹੀਂ ਇੱਕ ਪੱਤਰ ਨੰ:2446, ਮਿਤੀ 26-11-2018 ਜ਼ੋ ਕਿ ਸ਼ਿਕਾਇਤਕਰਤਾ ਨੂੰ ਸੰਬੋਧਿਤ ਹੈ, ਭੇਜਿਆ ਗਿਆ ਹੈ। ਇਸ ਪੱਤਰ ਰਾਹੀਂ ਸ਼ਿਕਾਇਤਕਰਤਾ ਨੂੰ ਸੂਚਿਤ ਕੀਤਾ ਗਿਆ ਹੈ ਕਿ ਉਸ ਦੀ ਦਰਖਾਸਤ ਸਬੰਧੀ ਉਨ੍ਹਾਂ ਦੇ ਦਫ਼ਤਰ ਦੇ ਪੱਤਰ ਪਿੱ:ਅੰ:ਨੰ:705-706 ਮਿਤੀ 22-03-2018 ਰਾਹੀਂ ਉਸ ਨੂੰ ਸੂਚਨਾ ਭੇਜੀ ਗਈ ਸੀ ਜ਼ੋ ਕਿ ਉਸ ਦੇ ਪਰਿਵਾਰ ਦੇ ਮੈਂਬਰ ਰਮਨਦੀਪ ਕੌਰ ਵੱਲੋਂ ਪ੍ਰਾਪਤ ਕੀਤੀ ਗਈ ਸੀ। ਸ਼ਿਕਾਇਤਕਰਤਾ ਦੀ ਦਰਖਾਸਤ ਮਿਤੀ 06-02-2018 ਸਬੰਧੀ ਉਸ ਦਫ਼ਤਰ ਵੱਲੋ ਕੀਤੀ ਗਈ ਕਾਰਵਾਈ ਬਾਰੇ ਦੁਬਾਰਾ ਸੂਚਨਾ ਭੇਜੀ ਗਈ ਹੈ।

2. ਉੱਤਰਦਾਤਾ ਵੱਲੋਂ ਕਮਿਸ਼ਨ ਨੂੰ ਭੇਜੇ ਗਏ ਪੱਤਰ ਨੂੰ ਗਹੁ ਨਾਲ ਵਾਚਣ ਉਪਰੰਤ ਇਹ ਪਾਇਆ ਗਿਆ ਹੈ ਕਿ ਸ਼ਿਕਾਇਤਕਰਤਾ ਵੱਲੋਂ ਇਹ ਕਿਹਾ ਜਾਣਾ ਬਿਲਕੁੱਲ ਸਹੀ ਹੈ ਕਿ ਉਸ ਨੂੰ ਗਲਤ ਸੂਚਨਾ ਦਿੱਤੀ ਗਈ ਹੈ। ਉੱਤਰਦਾਤਾ ਵੱਲੋਂ ਆਪਣੇ ਪੱਤਰ ਵਿੱਚ ਕਿਹਾ ਗਿਆ ਹੈ ਕਿ ਸ਼ਿਕਾਇਤਕਰਤਾ ਦੀ ਦਰਖਾਸਤ ਮਿਤੀ 06-02-2018 ਸਬੰਧੀ ਉਸ ਦਫ਼ਤਰ ਵੱਲੋ ਕੀਤੀ ਗਈ ਕਾਰਵਾਈ ਬਾਰੇ ਮਿਤੀ 22-03-2018 ਨੂੰ ਸ਼ਿਕਾਇਤਕਰਤਾ ਨੂੰ ਸੂਚਨਾ ਭੇਜੀ ਜਾ ਚੁੱਕੀ ਹੈ ਜਦੋਂ ਕਿ ਸ਼ਿਕਾਇਤਕਰਤਾ ਵੱਲੋਂ ਆਪਣੀ ਆਰ.ਟੀ.ਆਈ. ਮਿਤੀ 20-06-2018 ਨੂੰ ਦਾਇਰ ਕੀਤੀ ਗਈ ਸੀ। ਇਸ ਤੋਂ ਜ਼ਾਹਿਰ ਹੈ ਕਿ ਉੱਤਰਦਾਤਾ ਵੱਲੋਂ ਸ਼ਿਕਾਇਤਕਰਤਾ ਦੇ ਨਾਲ-ਨਾਲ ਕਮਿਸ਼ਨ ਨੂੰ ਵੀ ਗੁੰਮਰਾਹ ਕੀਤਾ ਗਿਆ ਹੈ, ਜਿਸ ਦਾ ਕਮਿਸ਼ਨ ਨੇ ਗੰਭੀਰ ਨੋਟਿਸ ਲਿਆ ਹੈ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਗਲੀ ਪੇਸ਼ੀ ਤੇ ਨਿੱਜੀ ਤੌਰ ਤੇ ਹਾਜ਼ਰ ਹੋ ਕੇ ਇਸ ਬਾਰੇ ਆਪਣਾ ਸਪੱਸ਼ਟੀਕਰਣ ਪੇਸ਼ ਕੀਤਾ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਨ੍ਹਾਂ ਵਿਰੁੱਧ ਸੂਚਨਾ ਦਾ ਅਧਿਕਾਰ ਐਕਟ, 2005 ਦੇ ਉਪਬੰਧਾਂ ਤਹਿਤ ਬਣਦੀ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 21-01-2019 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 27 ਨਵੰਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**